aglasem.com

FOR PUNJAB CLASS 8 PREPARATION

PSEB 8th Class Syllabus 2027 Agriculture

EXAM	YEAR	TYPE	SUBJECT
Punjab Class 8	2027	Syllabus	Agriculture

****

ਅਕਾਦਮਿਕ ਸਾਲ : 2026-2027

ਸ਼੍ਰੇਣੀ : ਅੱਠਵੀਂ

ਵਿਸ਼ਾ : ਖੇਤੀਬਾੜੀ

****

ਪਾਠਕ੍ਰਮ : ਲਿਖਤੀ

1. **ਭੂਮੀ ਅਤੇ ਭੂਮੀ ਸੁਧਾਰ :** ਭੂਮੀ ਕੀ ਹੈ ? ਭੂਮੀ ਦੇ ਭੌਤਿਕ ਅਤੇ ਰਸਾਇਣਿਕ ਗੁਣ । ਰੇਤਲੀਆਂ, ਚੀਕਣੀਆਂ ਅਤੇ ਕੱਲਰੀਆਂ ਜ਼ਮੀਨਾਂ ਦਾ ਸੁਧਾਰ ਕਰਨਾ । ਸੇਮ ਵਾਲੀਆਂ ਜ਼ਮੀਨਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਨੂੰ ਸੁਧਾਰਨ ਦੇ ਢੰਗ ।
2. **ਪਨੀਰੀਆਂ ਤਿਆਰ ਕਰਨਾ :** ਪਨੀਰੀ ਤਿਆਰ ਕਰਨ ਦੀ ਜ਼ਰੂਰਤ ਅਤੇ ਲਾਭ । ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ ਤਿਆਰ ਕਰਨਾ । ਫਲ਼ਦਾਰ ਬੂਟਿਆਂ ਅਤੇ ਜੰਗਲਾਤ ਬੂਟਿਆਂ ਦੀ ਨਰਸਰੀ ਤਿਆਰ ਕਰਨਾ।
3. **ਜ਼ਮੀਨ ਦੀ ਪੈਮਾਇਸ਼ ਅਤੇ ਰਿਕਾਰਡ :** ਜ਼ਮੀਨ ਦੀ ਮਿਣਤੀ ਅਤੇ ਰਿਕਾਰਡ ਸਬੰਧੀ ਜ਼ਰੂਰੀ ਦਸਤਾਵੇਜ਼ ਅਤੇ ਅਹਿਮ ਪਹਿਲੂ – ਜ਼ਰੀਬ, ਸ਼ਿਜਰਾ, ਨਿਸ਼ਾਨਦੇਹੀ, ਮੁਰੱਬਾਬੰਦੀ, ਗੋਸ਼ਵਾਰਾ, ਇੰਤਕਾਲ, ਜਮ੍ਹਾਂਬੰਦੀ, ਤਕਸੀਮ, ਗਿਰਦਾਵਰੀ, ਦਰੁਸਤੀ ਗਿਰਦਾਵਰੀ, ਠੇਕਾ, ਰਹਿਣ, ਖਰਾਬਾ ਆਦਿ ਸਬੰਧੀ ਜਾਣਕਾਰੀ । ਭੂਮੀ ਦੇ ਰਿਕਾਰਡ ਦਾ ਕੰਪਿਊਟਰੀਕਰਨ । ਜ਼ਮੀਨ ਦੀ ਪੈਮਾਇਸ਼ ਲਈ ਪੈਮਾਨੇ ।
4. **ਸੂਰਜੀ ਊਰਜਾ :** ਰਵਾਇਤੀ ਅਤੇ ਗੈਰ-ਰਵਾਇਤੀ ਊਰਜਾ ਸੋਮੇ, ਮਹੱਤਤਾ । ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰ – ਸੋਲਰ ਡਰਾਇਰ, ਸੋਲਰ ਕੁੱਕਰ, ਸੋਲਰ ਵਾਟਰ ਹੀਟਰ, ਸੋਲਰ ਲਾਲਟੈਣ, ਸੋਲਰ ਹੋਮ ਲਾਈਟਿੰਗ ਸਿਸਟਮ, ਸੋਲਰ ਸਟਰੀਟ ਲਾਈਟ, ਸੋਲਰ ਵਾਟਰ ਪੰਪ ਆਦਿ ਸਬੰਧੀ ਜਾਣਕਾਰੀ ।
5. **ਖੁੰਬਾਂ ਦੀ ਕਾਸ਼ਤ :** ਖੁੰਬਾਂ ਦਾ ਖੁਰਾਕੀ ਮਹੱਤਵ, ਵੱਖ-ਵੱਖ ਕਿਸਮਾਂ ਦੀਆਂ ਖੁੰਬਾਂ ਉਗਾਉਣਾ, ਕੀੜਿਆਂ ਤੋਂ ਬਚਾਓ, ਪੈਕਿੰਗ ਅਤੇ ਮੰਡੀਕਰਨ ਕਰਨਾ ।
6. **ਮਧੂ ਮੱਖੀ ਪਾਲਣ :** ਮਧੂ ਮੱਖੀ ਪਾਲਣ ਦੀ ਮਹੱਤਤਾ, ਮਧੂ ਮੱਖੀ ਦੀ ਸਰੀਰਕ ਬਣਤਰ, ਕਿਸਮਾਂ, ਜਾਤਾਂ, ਜੀਵਨ ਚੱਕਰ, ਕਟੁੰਬ ਦੀ ਜੱਥੇਬੰਦੀ ਅਤੇ ਕੰਮਕਾਰ ਦੀ ਵੰਡ । ਮੌਸਮੀ ਪ੍ਰਬੰਧ, ਸ਼ਹਿਦ ਦਾ ਮੰਡੀਕਰਨ, ਸਰਕਾਰੀ ਵੱਲੋਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਅਤੇ ਸਿਖਲਾਈ ਬਾਰੇ ਜਾਣਕਾਰੀ ।
7. **ਬਹੁ-ਭਾਂਤੀ ਖੇਤੀ :** ਬਹੁ-ਫ਼ਸਲੀ ਪ੍ਰਣਾਲੀ ਦੀ ਲੋੜ, ਮਹੱਤਵਪੂਰਣ ਫ਼ਸਲੀ ਚੱਕਰ, ਸੰਯੁਕਤ ਫ਼ਸਲੀ ਚੱਕਰ – ਖੇਤੀ ਸਹਾਇਕ ਧੰਦੇ ਅਪਣਾਉਣਾ ।
8. **ਜੈਵਿਕ ਖੇਤੀ :** ਜੈਵਿਕ ਖੇਤੀ ਦੀ ਮਹੱਤਤਾ, ਲੋੜ ਅਤੇ ਜੈਵਿਕ ਖੇਤੀ ਅਧੀਨ ਰਕਬਾ । ਜੈਵਿਕ ਮਿਆਰ, ਜੈਵਿਕ ਫ਼ਸਲ ਉਤਪਾਦਨ ਦੇ ਤਰੀਕੇ, ਜੈਵਿਕ ਤਸਦੀਕੀਕਰਨ ਅਤੇ ਜੈਵਿਕ ਖੇਤੀ ਦਾ ਭਵਿੱਖ ।

AG - 813 / 2026-27

9. **ਖੇਤੀ ਮਸ਼ੀਨਰੀ ਅਤੇ ਉਸ ਦੀ ਸਾਂਭ-ਸੰਭਾਲ :** ਖੇਤੀ ਮਸ਼ੀਨਰੀ ਦੀ ਸੰਭਾਲ ਦੀ ਮਹੱਤਤਾ । ਟਰੈਕਟਰ, ਕੰਬਾਈਨ ਹਾਰਵੈਸਟਰ, ਕਲਟੀਵੇਟਰ, ਤਵੀਆਂ, ਸੀਡ ਡਰਿੱਲ ਆਦਿ ਦੀ ਸਾਂਭ-ਸੰਭਾਲ ਕਰਨ ਦੇ ਤਰੀਕੇ ।

10. **ਫ਼ਲ਼ਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ :** ਫ਼ਲ਼ਾਂ ਅਤੇ ਸਬਜ਼ੀਆਂ ਨੂੰ ਸੰਭਾਲਣ ਦੀ ਲੋੜ, ਸਾਂਭ-ਸੰਭਾਲ ਦੇ ਵੱਖ-ਵੱਖ ਨੁਕਤੇ – ਫ਼ਲ਼ਅਤੇ ਸਬਜ਼ੀਆਂ ਦੀ ਤੁੜਾਈ, ਡੱਬਾਬੰਦੀ, ਸਟੋਰ ਕਰਨਾ ਅਤੇ ਢੋਆ-ਢੁਆਈ । ਫ਼ਲ਼ ਪਕਾਉਣ ਦੇ ਸੁਰੱਖਿਅਤ ਤਰੀਕੇ ।

11. **ਫ਼ਲ਼ ਅਤੇ ਸਬਜ਼ੀਆਂ ਤੋਂ ਅਚਾਰ, ਮੁਰੱਬੇ ਅਤੇ ਸ਼ਰਬਤ ਬਣਾਉਣਾ :** ਫ਼ਲ਼ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਦਾ ਭਵਿੱਖ । ਫ਼ਲ਼ਾਂ ਅਤੇ ਸਬਜ਼ੀਆਂ ਤੋਂ ਅਚਾਰ, ਮੁਰੱਬਾ, ਸ਼ਰਬਤ, ਕੈਚਅੱਪ ਆਦਿ ਤਿਆਰ ਕਰਨਾ । ਫ਼ਲ਼ਾਂ ਅਤੇ ਸਬਜ਼ੀਆਂ ਨੂੰ ਸੁਕਾਉਣਾ ।

****

ਪਾਠਕ੍ਰਮ : ਪ੍ਰਯੋਗੀ

1. ਚੀਕਣੀ, ਰੇਤਲੀ ਅਤੇ ਮੈਰਾ ਜ਼ਮੀਨਾਂ ਦੀ ਪਛਾਣ ਕਰਨਾ ।
2. ਸਕੂਲ ਵਿੱਚ ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ ਤਿਆਰ ਕਰਨਾ । ਪੌਦਿਆਂ ਦੀ ਨਰਸਰੀ ਵਿੱਚ ਜਾ ਕੇ ਨਵੇਂ ਪੌਦੇ ਤਿਆਰ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
3. ਮਾਲ ਵਿਭਾਗ ਦੇ ਦਫ਼ਤਰ ਵਿਖੇ ਜਾ ਕੇ ਖੇਤੀ ਪੈਮਾਇਸ਼ ਨਾਲ ਸਬੰਧਤ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ। ਫਰਦ ਕੇਂਦਰ ਵਿਖੇ ਜਾ ਕੇ ਭੂਮੀ ਰਿਕਾਰਡ ਦੇ ਕੰਪਿਊਟਰੀਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ । ਸਕੂਲ ਵਿੱਚ ਵੈੱਬਸਾਈਟ www.plrs.org.in ਤੇ ਜ਼ਮੀਨ ਦਾ ਰਿਕਾਰਡ ਦੇਖਣ ਬਾਰੇ ਜਾਣਕਾਰੀ ਦੇਣਾ ।
4. ਆਪਣੇ ਜ਼ਿਲ੍ਹੇ ਦੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਕੇ ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰਾਂ ਅਤੇ ਸਬਸਿਡੀਆਂ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।
5. ਕਿਸੇ ਖੁੰਬਾਂ ਉਗਾਉਣ ਵਾਲੇ ਫਾਰਮ ਤੇ ਜਾ ਕੇ ਖੁੰਬਾਂ ਉਗਾਉਣ ਸਬੰਧੀ ਸਮੁੱਚੀ ਜਾਣਕਾਰੀ ਪ੍ਰਾਪਤ ਕਰਨਾ। ਬਾਗ਼ਬਾਨੀ ਵਿਭਾਗ ਦੀ ਸਹਾਇਤਾ ਨਾਲ ਸਕੂਲ ਵਿੱਚ ਖੁੰਬਾਂ ਦੀ ਕਾਸ਼ਤ ਕਰਨਾ ।
6. ਕਿਸੇ ਮਧੂ ਮੱਖੀ ਪਾਲਣ ਫਾਰਮ ਤੇ ਜਾ ਕੇ ਮਧੂ ਮੱਖੀ ਪਾਲਣ, ਸਾਜੋ-ਸਮਾਨ ਅਤੇ ਹੋਰ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
7. ਖੇਤੀ ਸਹਿਯੋਗ ਧੰਦੇ – ਡੇਅਰੀ ਫਾਰਮ, ਮੱਛੀ ਫਾਰਮ, ਖ਼ਰਗੋਸ਼ ਫਾਰਮ, ਸੂਰ ਫਾਰਮ ਆਦਿ ਦਾ ਦੌਰਾ ਕਰਨਾ ।
8. ਵਿਦਿਆਰਥੀਆਂ ਨੂੰ ਜ਼ਹਿਰ-ਮੁਕਤ ਖੇਤੀ ਕਰਨ ਲਈ ਪ੍ਰੇਰਿਤ ਕਰਨਾ ।
9. ਖੇਤੀ ਮਸ਼ੀਨਾਂ ਬਾਰੇ ਜਾਣਕਾਰੀ ਦੇਣਾ ਅਤੇ ਉਹਨਾਂ ਦੀ ਸਾਂਭ-ਸੰਭਾਲ ਦੇ ਤਰੀਕਿਆਂ ਬਾਰੇ ਦੱਸਣਾ ।
10. ਸਬਜ਼ੀਆਂ ਅਤੇ ਫ਼ਲ਼ਾਂ ਤੋਂ ਅਚਾਰ, ਸ਼ਰਬਤ, ਮੁਰੱਬਾ ਅਤੇ ਚਟਣੀ ਆਦਿ ਤਿਆਰ ਕਰਨਾ । ਕਿਸੇ ਨੇੜਲੇ ਫੂਡ ਪ੍ਰੋਸੈਸਿੰਗ ਪਲਾਂਟ ਦਾ ਦੌਰਾ ਕਰਨਾ ।
11. ਬਾਗ਼ਾਂ ਅਤੇ ਸਬਜ਼ੀਆਂ ਵਾਲੇ ਖੇਤਾਂ ਦਾ ਦੌਰਾ ਕਰਨਾ ।

****